# ਪ੍ਰਸ਼ਨ ਪੱਤਰ (ਗਣਿਤ)

## ਜਮਾਤ-ਦਸਵੀਂ

**ਕੁੱਲ ਅੰਕ:20** **ਸਮਾਂ:40 ਮਿੰਟ**

**1. ਭਾਗ-ੳ ਪ੍ਰਸ਼ਨ 1 ਤੋਂ ਲੈ ਕੇ 8 ਤੱਕ ਇੱਕ ਅੰਕ ਵਾਲੇ ਹਨ । ਪ੍ਰਸ਼ਨ 9 ਅਤੇ 10 ਦੋ ਅੰਕ ਵਾਲੇ ਹਨ ।**

**3. ਭਾਗ-ਅ ਪ੍ਰਸ਼ਨ 11 ਅਤੇ 12 ਚਾਰ ਅੰਕ ਵਾਲੇ ਹਨ । ਇਹਨਾਂ ਪ੍ਰਸ਼ਨਾਂ ਵਿੱਚ ਅੰਦਰੂਨੀ ਛੋਟ ਹੈ ।**

**ਭਾਗ-ੳ**

1. $\sqrt{5}$-2-3 ਇੱਕ ..................ਸੰਖਿਆ ਹੈ।

(a) ਪਰਿਮੇਯ (b) ਅਪਰਿਮੇਯ (c) ਪੂਰਨ (d) ਸੰਪੂਰਨ

2. $\frac{5}{6}$ ਦਾ ਦਸ਼ਮਲਵ ਪ੍ਰਸਾਰ ........... ਹੈ।

(a) ਸ਼ਾਤ (b) ਅਸ਼ਾਤ ਆਵਰਤੀ (c) ਅਸ਼ਾਤ ਅਣਆਵਰਤੀ (d) ਇਨਾਂ ਵਿਚੋ ਕੋਈ ਨਹੀ

3. ਜੇਕਰ ਦੋ ਸੰਖਿਆਵਾਂ ਦਾ ਮ.ਸ.ਵ 1 ਹੋਵੇ ਤਾਂ ਸੰਖਿਆਵਾਂ ......... ਹੋਣਗੀਆ।

(a) ਭਾਜ (b) ਅਭਾਜ (c) ਸਹਿਅਭਾਜ (d) ਅਪਰਿਮੇਯ

4.ਹੇਠਾਂ ਦਿੱਤੀਆਂ ਵਿਚੋਂ ਕਿਹੜੀ ਬਹੁਪਦ ਹੈ?

(a) x2+5x (b) $\sqrt{x}+\frac{1}{\sqrt{x}}$ (c) $x^{\frac{1}{2}}$+1 (d) $\frac{1}{x}$ +5

5.ਇੱਕ ਤਿੰਨ ਘਾਤੀ ਬਹੁਪਦ ਦੀ ਵੱਧ ਤੋਂ ਵੱਧ ਕਿੰਨੀਆਂ ਸਿਫਰਾਂ ਹੋ ਸਕਦੀਆਂ ਹਨ?

(a) 0 (b) 1 (c) 2 (d) 3

6 ਜੇਕਰ ਸਮੀਕਰਣਾਂ $kx - y = 2$ ਅਤੇ $6x - 2y = 3$ ਦਾ ਇੱਕ ਹੱਲ ਹੋਵੇ ਤਾਂ k ਦਾ ਮੁੱਲ ਦੱਸੋ:

a) $k = 3$ b) $k \neq 3$ c) $k \neq 0$ d) $k = 0$

7.ਰੇਖੀ ਸਮੀਕਰਨਾਂ ਦੇ ਜੋੜੇ ਨੂੰ ਆਲੇਖੀ ਵਿਧੀ ਨਾਲ ਹੱਲ ਕਰਨ ਤੇ ਜੇਕਰ ਰੇਖਾਵਾਂ ਸਮਾਂਤਰ ਹੋਣ ਤਾਂ ਕਿਹੜਾ ਹੱਲ ਹੋਵੇਗਾ?

a) ਇੱਕ ਹੱਲ b) ਕੋਈ ਹੱਲ ਨਹੀ c) ਅਨੇਕਾਂ ਹੱਲ d) ਚਾਰ ਹੱਲ

8.ਇੱਕ ਸਿੱਕੇ ਨੂੰ ਇੱਕ ਵਾਰ ਉਛਾਲਣ ਤੇ ਚਿੱਤ ਆਉਣ ਦੀ ਕਿ ਸੰਭਾਵਨਾ ਹੋਵੇਗੀ?

(a) 0 (b) 1 (c) $\frac{1}{2}$ (d) $\frac{2}{1}$

9.ਅਭਾਜ ਗੁਣਨਖੰਡਣ ਵਿਧੀ ਨਾਲ 12,15 ਅਤੇ 21 ਦਾ HCF ਅਤੇ LCM ਪਤਾ ਕਰੋ।

10. ਦੋਘਾਤੀ ਬਹੁਪਦ $x^2+7x+10$ ਦੇ ਸਿਫਰ ਪਤਾ ਕਰੋ।

ਭਾਗ ਅ

11.ਦੋ ਸੰਖਿਆਵਾਂ ਦਾ ਅੰਤਰ 26 ਹੈ ਅਤੇ ਇੱਕ ਸੰਖਿਆ ਦੂਸਰੀ ਸੰਖਿਆ ਦੀ ਤਿੱਨ ਗੁਣਾ ਹੈ। ਇਹਨਾਂ ਨੂੰ ਪਤਾ ਕਰੋ।

ਜਾਂ

ਦਿੱਤੇ ਸਮੀਕਰਣਾਂ ਦੇ ਜੋੜੇ ਨੂੰ ਆਲੇਖੀ ਵਿਧੀ ਰਾਹੀ ਹਲ ਕਰੋ। $x+3y=6$ , $2x-3y=12$

12. ਸਯੋਗ ਦੇ ਇੱਕ ਖੇਡ ਵਿੱਚ ਇੱਕ ਤੀਰ ਨੂੰ ਘੁਮਾਇਆ ਜਾਂਦਾ ਹੈ, ਜੋ ਵਿਰਾਮ ਆਉਣ ਤੋਂ ਬਾਅਦ ਸੰਖਿਆਵਾਂ 1,2,3,4,5,6,7,ਅਤੇ 8 ਵਿੱਚੋਂ ਕਿਸੇ ਇੱਕ ਸੰਖਿਆ ਵੱਲ ਸੰਕੇਤ ਕਰਦਾ ਹੈ।
ਜੇਕਰ ਇਹ ਸਾਰੇ ਪਰਿਣਾਮ ਸਮਸੰਭਾਵੀ ਹਨ ਤਾਂ ਇਸਦੀ ਕੀ ਸੰਭਾਵਨਾ ਹੈ ਕਿ ਇਹ ਤੀਰ ਸੰਕੇਤ
(1) 8 ਨੂੰ ਕਰੇਗਾ? (2) ਇੱਕ ਟਾਂਕ ਸੰਖਿਆ ਨੂੰ ਕਰੇਗਾ? (3) 2 ਤੋਂ ਵੱਡੀ ਸੰਖਿਆ ਨੂੰ ਕਰੇਗਾ?
(4) 9 ਤੋ ਛੋਟੀ ਸੰਖਿਆ ਨੂੰ ਕਰੇਗਾ?




ਜਾਂ

52 ਪੱਤਿਆ ਦੀ ਚੰਗੀ ਤਰ੍ਹਾਂ ਨਾਲ ਫੈਂਟੀ ਗਈ ਤਾਸ਼ ਦੀ ਗੁੱਟੀ ਵਿੱਚੋਂ ਇੱਕ ਪਤਾ ਕੱਢਿਆ ਜਾਂਦਾ ਹੈ।ਹੇਠ ਲਿਖਿਆਂ ਨੂੰ ਪ੍ਰਾਪਤ ਕਰਨ ਦੀ ਸੰਭਾਵਨਾ ਦਾ ਸਹੀ ਮਿਲਾਣ ਕਰੋ:

| | |
|---|---|
| ਇੱਕ ਇੱਟ ਦੀ ਬੇਗਮ | 12/13 |
| ਲਾਲ ਰੰਗ ਦਾ ਤਸਵੀਰ ਵਾਲਾ ਪਤਾ | 1/13 |
| ਯੱਕਾ ਆਉਣ ਦੀ | 3/26 |
| ਯੱਕਾ ਨਾ ਆਉਣ ਦੀ | 1/52 |